ਪੰਜਾਬ ਸਰਕਾਰ
ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

ਵੱਲ

ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ।

ਮੀਮੋ ਨੰ:ਡੀ.ਡੀ.ਏ(ਐਲ.ਸੀ.ਪੀ.ਪੀ)/2020/ 1532
ਮਿਤੀ: 18/05/2020

ਵਿਸ਼ਾ:- **ਟਿੱਡੀ ਦੱਲ (ਕੁਦਰਤੀ ਆਫਤ) ਦੀ ਰੋਕਥਾਮ ਲਈ ਐਕਸ਼ਨ ਪਲਾਨ।**

ਜਿਵੇਂ ਆਪ ਜਾਣੂ ਹੋ ਕਿ ਜਨਵਰੀ, 2020 ਤੋਂ ਲਗਾਤਾਰ ਟਿੱਡੀ ਦੱਲ ਰਾਜਸਥਾਨ ਅਤੇ ਪਾਕਿਸਤਾਨ ਬਾਰਡਰ ਤੋਂ ਪੰਜਾਬ ਲਈ ਇੱਕ ਗੰਭੀਰ ਸਮੱਸਿਆ ਪੈਦਾ ਕਰ ਰਿਹਾ ਹੈ। ਭਾਰਤ ਸਰਕਾਰ ਵਲੋਂ ਜਾਰੀ ਐਡਵਾਇਜ਼ਰੀ ਅਨੁਸਾਰ ਮਈ ਮਹੀਨੇ ਦੇ ਪਹਿਲੇ ਪੰਦਰਵਾੜੇ ਤੋਂ ਇਸ ਕੁਦਰਤੀ ਆਫਤ ਦੇ ਭਿਆਨਕ ਰੂਪ ਧਾਰਨ ਕਰਨ ਦੀ ਵੱਡੀ ਸੰਭਾਵਨਾ ਬਣੀ ਹੋਈ ਹੈ। ਟਿੱਡੀ ਦੱਲ ਦੀ ਸਮੇਂ ਸਿਰ ਕਾਰਗਰ ਢੰਗ ਨਾਲ ਰੋਕਥਾਮ ਲਈ ਪੰਜਾਬ ਸਰਕਾਰ ਤੋਂ ਪ੍ਰਵਾਨ ਹੋਈ ਐਕਸ਼ਨ ਪਲਾਨ ਇੰਨ-ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

2. ਇਸ ਤੋਂ ਇਲਾਵਾ ਜੇਕਰ ਕਿਸੇ ਜ਼ਿਲ੍ਹੇ ਨੇ ਹੋਰ ਵਿਭਾਗ ਇਸ ਮੁਹਿਮ ਵਿੱਚ ਸ਼ਾਮਿਲ ਕਰਨੇ ਹੋਣ, ਉਹ ਆਪਣੇ-ਆਪਣੇ ਪੱਧਰ ਤੇ ਕਰ ਲਏ ਜਾਣ।

ਕ.ਸ. ਪੰਨੂੰ, ਆਈ.ਏ.ਐਸ
ਸਕੱਤਰ ਖੇਤੀਬਾੜੀ, ਪੰਜਾਬ

ਨੱਥੀ: ਐਕਸ਼ਨ ਪਲਾਨ

ਪਿੱਠਅੰਕਣ ਨੰ: ਨੰ:ਡੀ.ਡੀ.ਏ(ਐਲ.ਸੀ.ਪੀ.ਪੀ)/2020/ ਮਿਤੀ:

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ ਟੂ ਵਧੀਕ ਮੁੱਖ ਸਕੱਤਰ (ਵਿ) ਨੂੰ ਮਾਨਯੋਗ ਵਧੀਕ ਮੁੱਖ ਸਕੱਤਰ (ਵਿਕਾਸ), ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕ.ਸ. ਪੰਨੂੰ, ਆਈ.ਏ.ਐਸ
ਸਕੱਤਰ ਖੇਤੀਬਾੜੀ, ਪੰਜਾਬ

ਪਿੱਠਅੰਕਣ ਨੰ: ਨੰ:ਡੀ.ਡੀ.ਏ(ਐਲ.ਸੀ.ਪੀ.ਪੀ)/2020/ ਮਿਤੀ:

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ।
2. ਡਾਇਰੈਕਟਰ ਬਾਗਬਾਨੀ ਵਿਭਾਗ, ਪੰਜਾਬ।
3. ਸਮੂਹ ਮੁੱਖ ਖੇਤੀਬਾੜੀ ਅਫਸਰ, ਪੰਜਾਬ ਰਾਜ।

ਕ.ਸ. ਪੰਨੂੰ, ਆਈ.ਏ.ਐਸ
ਸਕੱਤਰ ਖੇਤੀਬਾੜੀ, ਪੰਜਾਬ

ਪਿੱਠਅੰਕਣ ਨੰ: ਨੰ:ਡੀ.ਡੀ.ਏ(ਐਲ.ਸੀ.ਪੀ.ਪੀ)/2020/ ਮਿਤੀ:

ਇਸ ਦਾ ਇੱਕ ਉਤਾਰਾ ਪੀ.ਏ ਟੂ ਵਾਈਸ ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕ.ਸ. ਪੰਨੂੰ, ਆਈ.ਏ.ਐਸ
ਸਕੱਤਰ ਖੇਤੀਬਾੜੀ, ਪੰਜਾਬ

Scanned with CamScanner

## ਟਿੱਡੀ ਦਲ ਦੇ ਕੰਟਰੋਲ ਲਈ ਐਕਸਨ ਪਲਾਨ (2020-21)

ਰਾਜ ਵਿੱਚ ਟਿੱਡੀ ਦਲ ਦੇ ਸੰਭਾਵਿਤ ਹਮਲੇ ਕਾਰਨ ਉਤਪੰਨ ਹੋਈ ਸਥਿਤੀ ਦੇ ਮੱਦੇਨਜ਼ਰ ਇਸ ਦੀ ਰੋਕਥਾਮ/ਸਰਵੇ ਲਈ ਅਤੇ ਹੋਰ ਪ੍ਰਬੰਧਾ ਲਈ ਐਕਸਨ ਪਲਾਨ:-

1. **ਕਿਸਾਨਾਂ ਨੂੰ ਜਾਗਰੂਕ ਕਰਨਾ:-** ਹਰੇਕ ਪਿੰਡ ਵਿੱਚ ਕੈਂਪ ਲਗਾ ਕੇ ਕਿਸਾਨਾਂ ਨੂੰ ਟਿੱਡੀ ਦਲ ਦੀ ਆਮਦ, ਸਮੇਂ ਤੇ ਕੰਟਰੋਲ ਕਰਨ ਲਈ ਕਿਸਾਨਾਂ ਦੇ ਯੋਗਦਾਨ ਸਬੰਧੀ ਜਾਗਰੂਕ ਕੀਤਾ ਜਾਵੇਗਾ। ਉਹਨਾਂ ਨੂੰ ਟਿੱਡੀਆਂ ਦੇ ਆਉਣ ਸਮੇਂ ਉਹਨਾਂ ਦੀ ਇਕ ਥਾਂ ਤੇ ਬੈਠਣ ਤੱਕ ਨਿਗਾਹ ਰੱਖਣ ਸਬੰਧੀ ਪ੍ਰੇਰਿਤ ਕੀਤਾ ਜਾਵੇਗਾ ਅਤੇ ਆਪਣੇ-ਆਪਣੇ ਸਪਰੇ ਪੰਪਾਂ (ਟਰੈਕਟਰ ਵਾਲੇ, ਪਿੱਠੂ ਪੰਪ ਆਦਿ) ਨੂੰ ਤਿਆਰ ਰੱਖਣ ਲਈ ਪ੍ਰੇਰਿਤ ਕੀਤਾ ਜਾਵੇਗਾ (ਐਕਸ਼ਨ - ਖੇਤੀਬਾੜੀ ਵਿਭਾਗ)।

2. **ਪੰਚਾਇਤਾਂ ਨਾਲ ਤਾਲਮੇਲ ਕਰਨਾ:-** ਹਰੇਕ ਪਿੰਡ ਦੀ ਪੰਚਾਇਤ ਨਾਲ ਤਾਲਮੇਲ ਕਰਕੇ ਪਿੰਡ ਵਾਸੀਆਂ ਨੂੰ ਇਸ ਦੇ ਹਮਲੇ ਦੀ ਰੋਕਥਾਮ ਲਈ ਤਿਆਰ ਰਹਿਣ, ਪਿੰਡਾਂ ਵਿੱਚ ਪੰਚਾਇਤਾਂ ਪਾਸ ਉਪਲੱਬਧ ਪਾਣੀ ਵਾਲੀਆਂ ਟੈਂਕੀਆਂ ਦੀ ਉਪਲੱਬਤਾ ਤੇ ਲੋੜ ਅਨੁਸਾਰ ਅਧਿਕਾਰੀਆਂ ਦੇ ਠਹਿਰਣ ਅਤੇ ਆਪਰੇਸ਼ਨ ਸਮੇਂ ਪਾਣੀ ਆਦਿ ਦਾ ਪ੍ਰਬੰਧ ਕਰਨਾ (ਐਕਸਨ:- ਪੰਚਾਇਤ ਸਕੱਤਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ)।

3. **ਰੋਜਾਨਾ ਸਰਵੇ ਕਰਨਾ:-** ਹਰੇਕ ਖੇਤੀਬਾੜੀ ਵਿਕਾਸ ਅਫਸਰ/ਬਾਗਬਾਨੀ ਵਿਕਾਸ ਅਫਸਰ/ਪੀ.ਏ.ਯੂ. ਸੈਂਟਰ ਦੀ ਟੀਮ ਆਪਣੇ-ਆਪਣੇ ਇਲਾਕੇ ਦਾ ਰੋਜਾਨਾ ਸਰਵੇ ਕਰੇਗੀ ਤੇ ਟਿੱਡੀ ਦਲ ਦੀ ਆਮਦ ਸਬੰਧੀ ਰਿਪੋਰਟ ਨਿਰਧਾਰਿਤ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਬਲਾਕ ਖੇਤੀਬਾੜੀ ਅਫਸਰ ਨੂੰ ਰੋਜਾਨਾ ਭੇਜੇਗੀ। ਖਾਸ ਤੌਰ ਤੇ ਪਾਕਿਸਤਾਨ ਤੇ ਰਾਜਸਥਾਨ ਨਾਲ ਲੱਗਦੇ ਬਾਰਡਰ ਵਿੱਚ ਰੋਜਾਨਾ ਸਰਵੇ ਕਰੇਗਾ ਅਤੇ ਮਿਤੀਵਾਰ ਇਸ ਦੀ ਆਮਦ/ਨਾ-ਆਮਦ ਸਬੰਧੀ ਰਿਪੋਰਟ ਨਿਰਧਾਰਤ ਪ੍ਰੋਫਾਰਮੇ ਵਿੱਚ ਤਿਆਰ ਕਰੇਗਾ। ਜਿਲ੍ਹੇ ਲੈਵਲ ਤੇ ਮਿਤੀਵਾਰ ਰਿਪੋਰਟ ਤਿਆਰ ਕੀਤੀ ਜਾਵੇਗੀ ਅਤੇ ਇਸ ਦੀ ਆਮਦ ਤੇ ਮੁੱਖ ਦਫਤਰ ਨੂੰ ਤੁਰੰਤ ਰਿਪੋਰਟ ਕਰੇਗਾ। (ਐਕਸਨ - ਖੇਤੀਬਾੜੀ ਵਿਭਾਗ, ਬਾਗਬਾਨੀ ਵਿਭਾਗ, ਪੀ.ਏ.ਯੂ. ਸੈਂਟਰ )।

4. **ਨੋਡਲ ਅਫਸਰ ਨਿਯੁਕਤ ਕਰਨੇ :-** ਇਸ ਕੁਦਰਤੀ ਆਫਤ ਦਾ ਟਾਕਰਾ ਕਰਨ ਤੇ ਕੰਟਰੋਲ ਕਰਨ ਲਈ ਜਿਲ੍ਹੇ ਦਾ ਡਿਪਟੀ ਕਮਿਸ਼ਨਰ/ਏ.ਡੀ.ਸੀ, ਜਿਲ੍ਹੇ ਦੇ ਨੋਡਲ ਅਫਸਰ ਹੋਣਗੇ ਅਤੇ ਤਹਿਸੀਲ ਪੱਧਰ ਤੇ ਸਬ-ਡਵੀਜਨਲ ਅਫਸਰ ਨੋਡਲ ਅਫਸਰ ਹੋਣਗੇ। ਇਸ ਕੰਟਰੋਲ ਆਪਰੇਸ਼ਨ ਨਾਲ ਸਬੰਧਤ ਸਾਰੇ ਵਿਭਾਗ ਵੀ ਇੱਕ-ਇੱਕ ਨੋਡਲ ਅਫਸਰ ਨਿਯੁਕਤ ਕਰੇਗਾ। ਖੇਤੀਬਾੜੀ ਵਿਭਾਗ ਦਾ ਨੋਡਲ ਅਫਸਰ ਇਸ ਸਾਰੇ ਪ੍ਰੋਗਰਾਮ ਨੂੰ ਕੋਆਰਡੀਨੇਟ ਕਰਨ ਲਈ ਜਿਲ੍ਹੇ ਦੇ ਨੋਡਲ ਅਫਸਰ (ਡਿਪਟੀ ਕਮਿਸ਼ਨਰ) ਦੀ ਸਹਾਇਤਾ ਕਰੇਗਾ। ਖੇਤੀਬਾੜੀ ਵਿਭਾਗ ਦਾ ਹਰੇਕ ਬਲਾਕ ਅਫਸਰ ਆਪਣੇ-ਆਪਣੇ ਬਲਾਕ ਵਿੱਚ ਖੇਤੀਬਾੜੀ ਵਿਭਾਗ ਦਾ ਨੋਡਲ ਅਫਸਰ ਹੋਵੇਗਾ ਅਤੇ ਐਸ.ਡੀ.ਐਮ. ਨਾਲ ਮਿਲ ਕੇ ਪ੍ਰੋਗਰਾਮ ਲਈ ਕੁਆਰਡੀਨੇਟ ਕਰੇਗਾ। ਖੇਤੀਬਾੜੀ ਵਿਭਾਗ ਦਾ ਨੋਡਲ ਅਫਸਰ, ਵਿਭਾਗ ਵਾਈਜ ਨੋਡਲ ਅਫਸਰਾਂ ਦੀ ਸੂਚਨਾ ਲਿਸਟ ਤਿਆਰ ਕਰੇਗਾ (ਨਾਮ, ਆਹੁਦਾ, ਮੋਬਾਇਲ ਨੰ:, ਈ-ਮੇਲ ਆਦਿ)। (ਐਕਸਨ:- ਜਿਲਾ ਪ੍ਰਸਾਸਨ, ਖੇਤੀਬਾੜੀ ਵਿਭਾਗ ਅਤੇ ਬਾਕੀ ਸਬੰਧਤ ਸਾਰੇ ਵਿਭਾਗ)।

Scanned with CamScanner

5. ਜਿਲ੍ਹੇ ਲੈਵਲ ਦਾ ਵੱਟਸ ਐਪ ਗਰੁੱਪ ਬਣਾਉਣਾ:- ਹਰੇਕ ਮੁੱਖ ਖੇਤੀਬਾੜੀ ਅਫਸਰ ਆਪਣੇ-ਆਪਣੇ ਜਿਲ੍ਹੇ ਦਾ ਵੱਟਸ-ਐਪ ਗਰੁੱਪ ਸਪੈਸਲ ਟਿੱਡੀ ਦਲ ਲਈ (Locust awareness District.......) ਦੇ ਨਾਮ ਤੇ ਬਣਾਏਗਾ। ਇਸ ਵੱਟਸ-ਐਪ ਗਰੁੱਪ ਵਿੱਚ ਆਪਣੇ ਜਿਲ੍ਹੇ ਦੇ ਅਫਸਰ ਹਰੇਕ ਵਿਭਾਗ ਦਾ ਨੋਡਲ ਅਫਸਰ ਮੈਂਬਰ ਬਣਾ ਲਏ ਜਾਣ। (ਐਕਸਨ - ਜਿਲ੍ਹੇ ਦਾ ਮੁੱਖ ਖੇਤੀਬਾੜੀ ਅਫਸਰ)

6. ਸਪਰੇਅ ਪੰਪਾਂ ਦੀ ਉਪਲੱਬਧਤਾ :- ਖੇਤੀਬਾੜੀ ਵਿਭਾਗ ਵੱਲੋਂ ਹਰੇਕ ਪਿੰਡ ਦੇ ਕਿਸਾਨਾਂ ਪਾਸ, ਕਸਟਮ ਹਾਇਰਿੰਗ ਸੈਂਟਰ, ਸੁਸਾਇਟੀਆਂ ਪਾਸ ਟਰੈਕਟਰ ਅਤੇ ਸਪਰੇ ਪੰਪਾਂ ਦੀ ਉਪਲੱਬਧਤਾ ਤਿਆਰ ਕੀਤੀ ਜਾਵੇਗੀ। ਇਸ ਤੋਂ ਇਲਾਵਾ ਮਿਉਂਸਪਲ ਕਮੇਟੀਆਂ/ਨਗਰ ਨਿਗਮ ਪਾਸ ਉਪਲੱਬਧਤਾ ਫਾਇਰ ਟੈਂਡਰ ਦੀਆਂ ਗੱਡੀਆਂ ਅਤੇ ਸਪਰੇ ਪੰਪਾਂ ਦੀ ਲਿਸਟ ਤਿਆਰ ਕੀਤੀ ਜਾਵੇਗੀ। ਵਿਭਾਗ ਹੋਰ ਵਿਭਾਗਾਂ, ਖੇਤੀਬਾੜੀ ਯੂਨੀਵਰਸਿਟੀ ਦੇ ਜਿਲ੍ਹੇ ਦੇ ਸੈਂਟਰਾਂ ਪਾਸ ਸਪਰੇ ਪੰਪਾਂ ਦੀ ਉਪਲੱਬਧਤਾ ਦੀ ਲਿਸਟ ਵੀ ਤਿਆਰ ਕਰੇਗਾ ਅਤੇ ਸਬੰਧਤਾਂ ਨੂੰ ਇਨ੍ਹਾਂ ਦੀ ਸਮੇਂ ਸਿਰ ਉਪਲੱਬਧਤਾ ਤੇ ਤਿਆਰ ਰਹਿਣ ਲਈ ਤਾਲਮੇਲ ਜਿਲ੍ਹੇ ਦੇ ਨੋਡਲ ਅਫਸਰ ਰਾਹੀਂ ਕਰੇਗਾ। (ਐਕਸਨ - ਖੇਤੀਬਾੜੀ ਵਿਭਾਗ, ਮਿਉਂਸਪਲ ਕਮੇਟੀ/ਨਗਰ ਨਿਗਮ)

7. ਸਪਰੇਅ ਲਈ ਪਾਣੀ ਦੀ ਉਪਲੱਬਧਤਾ:- ਟਿੱਡੀਦਲ ਦੀ ਰੋਕਥਾਮ ਲਈ ਸਪਰੇਅ ਕਰਨ ਲਈ ਲੋੜੀਂਦੇ ਪਾਣੀ ਦੀ ਉਪਲੱਬਧਤਾ ਦੀ ਸੂਚਨਾ ਖੇਤੀਬਾੜੀ ਵਿਭਾਗ ਤਿਆਰ ਕਰੇਗਾ। ਇਸ ਕੰਮ ਲਈ ਪੰਚਾਇਤਾਂ ਪਾਸ, ਮਿਉਂਸਪਲ ਕਮੇਟੀਆਂ ਪਾਸ ਤੇ ਹੋਰਾਂ ਪਾਸ ਉਪਲੱਬਧ ਵਾਟਰ ਟੈਂਕਰਾਂ ਦੀ ਸੂਚੀ ਤਿਆਰ ਕੀਤੀ ਜਾਵੇ। (ਐਕਸਨ - ਖੇਤੀਬਾੜੀ ਵਿਭਾਗ, ਸਥਾਨਕ ਸਰਕਾਰਾਂ ਵਿਭਾਗ)

8. ਕੰਟਰੋਲ ਆਪਰੇਸ਼ਨ ਸਮੇਂ ਟਿਊਬਵੈਲਾਂ ਤੋਂ ਪਾਣੀ ਦੀ ਸਪਲਾਈ ਲਈ ਬਿਜਲੀ/ਪਾਵਰ ਦੀ ਉਪਲਬਧਤਾ:- ਟਿੱਡੀਦਲ ਦੀ ਰੋਕਥਾਮ ਲਈ ਸਪਰੇ ਕਰਨ ਸਮੇਂ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਸਪਾਟ ਵਾਲੇ ਏਰੀਏ ਵਿੱਚ ਟਿਊਬਵੈਲਾਂ ਨੂੰ ਚਲਾਉਣ ਲਈ ਬਿਜਲੀ ਦੀ ਸਪਲਾਈ ਯਕੀਨੀ ਬਣਾਉਣ ਲਈ ਬਿਜਲੀ ਵਿਭਾਗ ਕਾਰਵਾਈ ਕਰੇਗਾ ਅਤੇ ਖੇਤੀਬਾੜੀ ਵਿਭਾਗ ਇਹਨਾਂ ਨਾਲ ਤਾਲਮੇਲ ਰੱਖੇਗਾ। (ਐਕਸਨ - ਬਿਜਲੀ ਵਿਭਾਗ ਅਤੇ ਖੇਤੀਬਾੜੀ ਵਿਭਾਗ)

9. ਸਪਰੇ ਐਕਸਨ ਸਮੇਂ ਸਿਹਤ ਸਹੂਲਤਾਂ ਬਾਰੇ:- ਕਿਉਂ ਜੋ ਬਹੁਤ ਘੱਟ ਸਮੇਂ ਅਤੇ ਖਤਰਨਾਕ ਸਪਰੇ ਕਰਨ ਸਮੇਂ ਕਿਸੇ ਤਰ੍ਹਾਂ ਦੀ ਪੈਸਟੀਸਾਈਡ ਦੁਰਘਟਨਾ ਹੋਣ ਦੀ ਸੂਰਤ ਵਿੱਚ ਸਬੰਧਤ ਵਿਅਕਤੀ ਨੂੰ ਮੁੱਢਲੀ ਸਹਾਇਤਾ ਦੇਣ ਲਈ ਜਿਲ੍ਹੇ ਵੱਲੋਂ ਡਾਕਟਰਾਂ ਦੀ ਟੀਮ ਨਿਯੁਕਤ ਕੀਤੀ ਜਾਵੇਗੀ। ਤਾਂ ਕਿ ਲੋੜ ਅਨੁਸਾਰ ਸਮੇਂ ਸਿਰ ਮੁੱਢਲੀ ਸਹਾਇਤਾ ਦੇਣ ਲਈ ਇਹ ਟੀਮ ਟਿਡੀ ਦਲ ਸਪਾਟ ਵਾਲੀ ਜਗ੍ਹਾ ਤੇ ਐਂਟੀਡੋਟ ਤੇ ਹੋਰ ਲੋੜੀਂਦੀਆਂ ਦਵਾਈਆਂ ਸਮੇਤ ਮੌਜੂਦ ਰਹੇ (ਐਕਸਨ - ਜਿਲੇ ਦਾ ਸਿਹਤ ਵਿਭਾਗ)।

10. ਪੁਲਿਸ ਸਕਿਉਰਿਟੀ ਅਤੇ ਸਰਚ ਲਾਈਟਾਂ ਦੇ ਪ੍ਰਬੰਧ ਬਾਰੇ:- ਕਿਉਂ ਜੋ ਟਿੱਡੀ ਦਲ ਨੂੰ ਕੰਟਰੋਲ ਕਰਨ ਲਈ ਰਾਤ ਦੇ ਸਮੇਂ ਵੀ ਕਾਰਵਾਈ ਚੱਲਣੀ ਹੈ। ਇਸ ਲਈ ਲਾਈਟ ਦੇ ਪ੍ਰਬੰਧ ਲਈ ਸਰਚ ਲਾਈਟਾਂ ਦੇ ਪ੍ਰਬੰਧ ਕਰਨੇ ਵੀ ਜਰੂਰੀ ਹਨ। ਇਸ ਕੰਮ ਲਈ ਜਿਲ੍ਹਾ ਪ੍ਰਸ਼ਾਸਨ ਵੱਲੋਂ ਕਾਰਵਾਈ ਕੀਤੀ ਜਾਵੇਗੀ। ਪੁਲਿਸ ਵਿਭਾਗ ਪਾਸ ਇਸ ਤਰ੍ਹਾਂ ਦੀਆਂ ਸਰਚ ਲਾਈਟਾਂ ਹੋ ਸਕਦੀਆਂ ਹਨ। ਪੁਲਿਸ

Scanned with CamScanner

ਵਿਭਾਗ ਐਕਸਨ ਦੌਰਾਨ ਹਰ ਤਰ੍ਹਾਂ ਦੀ ਸਕਿਉਰਿਟੀ ਦਾ ਇੰਤਜਾਮ ਕਰੇਗਾ। (ਐਕਸਨ - ਜਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਵਿਭਾਗ)

11. **ਟਿੱਡੀ ਦਲ ਦੇ ਹਮਲੇ ਸਮੇਂ/ਉਪਰ ਕੰਟਰੋਲ ਕਰਨ ਲਈ ਕਾਰਵਾਈ:-** ਟਿੱਡੀ ਦਲ ਦੀ ਆਮਦ ਦੇ ਸਨਮੁੱਖ ਇਸ ਦੇ ਬੈਠਣ ਦਾ ਸਰਵੇ ਖੇਤੀਬਾੜੀ ਵਿਭਾਗ ਵੱਲੋਂ ਕੀਤਾ ਜਾਵੇਗਾ। ਮੁੱਖ ਖੇਤੀਬਾੜੀ ਅਫਸਰਾਂ ਵੱਲੋਂ ਆਪਣੇ-ਆਪਣੇ ਜਿਲ੍ਹੇ ਵਿੱਚ ਇਸ ਦੀ ਬੈਠਣ ਦੀ ਜਗਾ ਮਾਰਕ ਕਰਕੇ ਇਸ ਖੇਤਰ ਨੂੰ ਆਪਣੇ ਜਿਲ੍ਹੇ ਦੇ ਹਰਕੇ ਬਲਾਕ ਅਫਸਰ ਨੂੰ ਵੰਡ ਕੇ/ਸੈਕਟਰ ਬਣਾ ਕੇ, ਇਸ ਦੀ ਕੰਟਰੋਲ ਕਰਨ ਦੀ ਜਿੰਮੇਵਾਰੀ ਦਿੱਤੀ ਜਾਵੇਗੀ। ਬਲਾਕ ਖੇਤੀਬੜੀ ਅਫਸਰ ਆਪਣੇ-ਆਪਣੇ ਇਸ ਖੇਤਰ ਵਿੱਚ ਆਪਣੇ ਬਲਾਕ ਦੀ ਪੂਰੀ ਟੀਮ ਨੂੰ ਤਾਇਨਾਤ ਕਰੇਗਾ ਅਤੇ ਇਸ ਖੇਤਰ ਦੇ ਸਬੰਧਤ ਏ.ਡੀ.ਓ/ਏ.ਈ.ਓ/ਏ.ਐਸ.ਆਈ ਨਾਲ ਤਾਲਮੇਲ ਕਰਕੇ ਪੂਰੇ ਪ੍ਰਬੰਧ ਕਰੇਗਾ। ਆਪਣੇ ਆਪਣੇ ਖੇਤਰ ਵਿਚਲੇ ਪਿੰਡਾ ਦੇ ਕਿਸਾਨਾਂ ਪਾਸ ਸਪਰੇ ਪੰਪਾਂ ਨੂੰ ਇਸ ਕਾਰਜ ਵਿੱਚ ਲਗਾਉਣ ਨੂੰ ਯਕੀਨੀ ਬਣਾਏਗਾ। ਇਸ ਕੰਮ ਵਿੱਚ ਹਰੇਕ ਪਿੰਡ ਦੇ ਪੰਚਾਇਤ ਸਕੱਤਰ/ ਪਟਵਾਰੀ ਮਦਦ ਕਰਨਗੇ। ਜਿਲ੍ਹੇ ਦੀ ਟੀਮ ਨਾਲ ਤਾਲਮੇਲ ਰੱਖੇਗਾ। ਦਵਾਈ ਦੀ ਸਪਲਾਈ ਜਿਲ੍ਹੇ ਦੇ ਨੋਡਲ ਅਫਸਰ ਰਾਹੀਂ ਹਰੇਕ ਸੈਕਟਰ ਵਿੱਚ ਬਲਾਕ ਖੇਤੀਬਾੜੀ ਅਫਸਰਾਂ ਦੇ ਸਪੁਰਦ ਕਰੇਗਾ। ਕਿਸੇ ਵੀ ਮੁਸ਼ਕਲ ਲਈ ਬਲਾਕ ਖੇਤੀਬਾੜੀ ਅਫਸਰ ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ/ਨੋਡਲ ਅਫਸਰ ਨਾਲ ਤਾਲਮੇਲ ਰੱਖੇਗਾ। ਦਵਾਈ ਦੀ ਉਪਲੱਬਧਤਾ ਲਈ ਜਿਲ੍ਹੇ ਦਾ ਮੁੱਖ ਖੇਤੀਬਾੜੀ ਅਫਸਰ, ਮੁੱਖ ਦਫਤਰ ਦੇ ਡਿਪਟੀ ਡਾਇਰੈਕਟਰ ਖੇਤੀਬਾੜੀ (ਐਲ.ਸੀ.ਪੀ.ਪੀ) ਨਾਲ ਤਾਲਮੇਲ ਰੱਖੇਗਾ। ਜਿਲ੍ਹੇ ਦਾ ਇੰਚਾਰਜ ਸੰਯੁਕਤ ਡਾਇਰੈਕਟਰ ਖੇਤੀਬਾੜੀ, ਇਸ ਐਕਸਨ ਦੀ ਸਮੁੱਚੀ ਦੇਖਰੇਖ ਕਰਨਗੇ। (ਐਕਸਨ-ਖੇਤੀਬਾੜੀ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਅਤੇ ਮਾਲ ਵਿਭਾਗ)।

*******

Scanned with CamScanner